# ਕੀ ਬੁਸ਼ ਦੇ ਪਏ ਛਿੱਤਰਾਂ ਤੋਂ ਉਬਾਮਾ ਕੁਝ ਸਿੱਖੇਗਾ?

ਜਾਰਜ ਬੁਸ਼ ਦੀ ਪ੍ਰਧਾਨ ਦੇ ਤੌਰ ਤੇ ਇਰਾਕ ਦੀ ਆਖ਼ਰੀ ਯਾਤਰਾ ਅਤੇ ਪ੍ਰੈਸ ਕਾਨਫਰੰਸ ਦੌਰਾਨ ਇਕ ਇਰਾਕੀ ਅਖ਼ਬਾਰਨਵੀਸ ਨੇ ਉਹਦੇ ਛੱਡਵੇਂ ਛਿੱਤਰ ਮਾਰ ਕੇ ਇਰਾਕ ਅਤੇ ਦੁਨੀਆ ਭਰ ਦੇ ਲੋਕਾਂ ਦੀ ਜੰਗ ਅਤੇ ਕਤਲੋਗਾਰਤ ਦੇ ਖ਼ਿਲਾਫ਼ ਨਫ਼ਰਤ ਅਤੇ ਗੁੱਸੇ ਦਾ ਇਜ਼ਹਾਰ ਕੀਤਾ ਹੈ। ਇਸ ਨਾਲ ਉਹ ਅਖ਼ਬਾਰਨਵੀਸ ਦੁਨੀਆ ਦੇ ਕਰੋੜਾਂ ਹੀ ਲੋਕਾਂ ਦਾ ਹੀਰੋ ਬਣ ਗਿਆ ਹੈ। ਇਰਾਕ ਅਤੇ ਹੋਰਨਾਂ ਮੁਲਕਾਂ ਵਿਚ ਲੋਕਾਂ ਨੇ ਇਸ ਅਖ਼ਬਾਰਨਵੀਸ ਦੀ ਹਿਮਾਇਤ ਵਿਚ ਮੁਜ਼ਾਹਰੇ ਵੀ ਕੀਤੇ ਹਨ। ਕੁਝ ਲੋਕਾਂ ਨੇ ਇਕ ਇੰਟਰਨੈੱਟ ਸਾਈਟ ਵੀ ਬਣਾਈ ਹੈ ਜਿਸ ਵਿਚ ਕੋਈ ਵੀ ਬੰਦਾ ਬੁਸ਼ ਨੂੰ ਛਿੱਤਰ ਮਾਰ ਕੇ ਆਪਣੀ ਭੜਾਸ ਕੱਢ ਸਕਦਾ ਹੈ।

ਛਿੱਤਰਾਂ ਦੇ ਜਵਾਬ ਵਿਚ ਬੁਸ਼ ਨੇ ਬਹੁਤ ਹੀ ਢੀਠਤਾਈ ਨਾਲ ਕਿਹਾ ਕਿ ਛਿੱਤਰਾਂ ਦਾ ਸਾਇਜ਼ ਦਸ ਨੰਬਰ ਸੀ। ਇਹ ਉਸ ਅਖਾਣ ਦੀ ਯਾਦ ਦੁਆਉਂਦਾ ਹੈ ਕਿ ਕਿਸੇ ਦੀ ਪਿੱਠ ਤੇ ਦਰਖ਼ਤ ਉੱਗ ਆਇਆ ਤਾਂ ਕਿਸੇ ਨੇ ਉਸ ਨੂੰ ਕਿਹਾ ਕਿ ਬਈ ਤੈਨੂੰ ਕੋਈ ਸੰਗ ਆਉਣੀ ਚਾਹੀਦੀ ਹੈ ਤਾਂ ਉਸਨੇ ਜਵਾਬ ਦਿੱਤਾ ਕਿ ਕੋਈ ਗੱਲ ਨਹੀਂ ਯਾਰ ਛਾਂਵੇਂ ਬੈਠਿਆ ਕਰਨਗੇ। ਬੁਸ਼ ਅਤੇ ਸਾਮਰਾਜ ਦੇ ਹੋਰ ਨੁਮਾਇੰਦਿਆਂ ਦਾ ਇਹ ਹੀ ਹਾਲ ਹੈ। ਇਨ੍ਹਾਂ ਨੂੰ ਲੋਕਾਂ ਦੀਆਂ ਤਾਂਘਾਂ, ਲੋੜਾਂ, ਕਦਰਾਂ, ਕੀਮਤਾਂ ਅਤੇ ਹੱਕਾਂ ਦੀ ਕੋਈ ਫਿਕਰ ਨਹੀਂ ਅਤੇ ਨਾ ਹੀ ਕੋਈ ਸੰਗ ਹੁੰਦੀ ਹੈ। ਉਹ ਤਾਂ ਸਾਮਰਾਜ ਦੇ ਨਿਸ਼ਾਨੇ ਅਤੇ ਅਜੰਡੇ ਨੂੰ ਹੀ ਅਮਲ ਵਿਚ ਲਿਆਉਂਦੇ ਹਨ ਭਾਵੇਂ ਲੱਖਾਂ ਹੀ ਲੋਕਾਂ ਦਾ ਕਤਲ ਕਿਉਂ ਨਾਂ ਹੋ ਜਾਵੇ। ਇਸ ਕਰਕੇ ਬੁਸ਼ ਨੂੰ ਛਿੱਤਰਾਂ ਦੀ ਕੋਈ ਪਰਵਾਹ ਨਹੀਂ ਹੈ।

ਕਈ ਲੋਕ ਜਿਨ੍ਹਾਂ ਨੇ ਉਬਾਮਾ ਨੂੰ ਵੋਟ ਪਾਈ ਸੀ ਉਹ ਮਨ ਹੀ ਮਨ ਵਿਚ ਆਸ ਕਰ ਰਹੇ ਹਨ ਕਿ ਇਰਾਕ ਅਤੇ ਅਫ਼ਗਾਨਿਸਤਾਨ ਵਿਚ ਬੁਸ਼ ਅਤੇ ਇਸਦੀ ਢਾਣੀ ਵਲੋਂ ਮਚਾਈ ਹੋਈ ਕਤਲੋਗਾਰਤ ਤੋਂ ਉਬਾਮਾ ਕੁਝ ਸਿੱਖੇਗਾ ਅਤੇ ਉਬਾਮਾ ਇਰਾਕ ਅਤੇ ਅਫਗਾਨਿਸਤਾਨ ਦੇ ਲੋਕਾਂ ਦੀ ਲੁੱਟ ਮਾਰ ਅਤੇ ਕਤਲੋਗਾਰਤ ਬੰਦ ਕਰ ਦੇਵੇਗਾ। ਜਾਂ ਉਹ ਇਹ ਵੀ ਕਹਿੰਦੇ ਹਨ ਕਿ ਉਬਾਮਾ ਨੂੰ ਇਸ ਸਾਰੇ ਤਜਰਬੇ ਤੋਂ ਸਿੱਖਣਾ ਚਾਹੀਦਾ ਹੈ ਅਤੇ ਅਮਰੀਕਨ ਲੋਕਾਂ ਦੇ ਜੰਗ ਦੇ ਖ਼ਿਲਾਫ਼ ਜਜ਼ਬਾਤ ਦੀ ਕਦਰ ਕਰਕੇ ਜੰਗ ਬੰਦ ਕਰਨੀ ਚਾਹੀਦੀ ਹੈ ਅਤੇ ਅਮਨ ਨੂੰ ਮੌਕਾ ਦੇਣਾ ਚਾਹੀਦਾ ਹੈ। ਬਹੁਤੇ ਲੋਕਾਂ ਨੇ ਇਸ ਕਰਕੇ ਵੀ ਉਬਾਮਾਂ ਨੂੰ ਵੋਟਾਂ ਪਾਈਆਂ ਸੀ।

ਪਰ ਲਗਦਾ ਨਹੀਂ ਕਿ ਉਬਾਮਾ ਬੁਸ਼ ਦੇ ਪਏ ਛਿੱਤਰਾਂ ਤੋਂ ਕੁਝ ਸਿੱਖੇਗਾ। ਇਸ ਵਿਚ ਉਬਾਮਾ ਦਾ ਕੋਈ ਕਸੂਰ ਨਹੀਂ। ਉਬਾਮਾ ਜੇ ਚਾਹੇ ਤਾਂ ਵੀ ਉਹ ਕੋਈ ਸਬਕ ਨਹੀਂ ਸਿੱਖ ਸਕਦਾ ਕਿਉਂਕਿ ਉਸਦੀ ਇਸ ਵਿਚ ਕੋਈ ਦਿਲਚਸਪੀ ਹੀ ਨਹੀਂ। ਉਸਦੀ ਦਿਲਚਸਪੀ ਤਾਂ ਸਾਮਰਾਜ ਦਾ ਝੰਡਾਬਰਦਾਰ ਬਣਨ ਵਿਚ ਹੀ ਸੀ ਅਤੇ ਹੁਣ ਵੀ ਹੈ। ਉਹਦਾ ਮਕਸਦ ਤਾਂ ਅਮਰੀਕੀ ਸਾਮਰਾਜ ਦਾ ਪੱਖ ਹੀ ਪੂਰਨਾ ਹੈ ਅਤੇ ਅਮਰੀਕਾ ਦੀ ਨਾਦਰਸ਼ਾਹੀ ਦੁਨੀਆ ਤੇ ਠੋਸਣਾ ਹੈ ਇਸੇ ਕਰਕੇ ਉਹਨੇ ਪਿਛਲੇ ਦਿਨਾਂ ਵਿਚ ਇਕ ਬਿਆਨ ਵਿਚ ਕਿਹਾ ਸੀ ਕਿ ਉਹ ਅਮਰੀਕਨ ਫੌਜ ਨੂੰ ਦੁਨੀਆ ਦੀ ਸਾਰਿਆਂ ਨਾਲੋਂ ਤਾਕਤਵਰ ਫੌਜ ਵੇਖਣਾ ਚਾਹੁੰਦਾ ਹੈ। ਇਸੇ ਕਰਕੇ ਉਸਨੇ ਆਪਣੀ ਟੀਮ ਵਿਚ ਉਹ ਬਹੁਤ ਸਾਰੇ ਲੋਕ ਰੱਖੇ ਹਨ ਜਿਨ੍ਹਾਂ ਨੇ ਦੁਨੀਆ ਦੇ ਲੋਕਾਂ ਖ਼ਿਲਾਫ਼, ਅਮਨ ਖ਼ਿਲਾਫ਼ ਅਤੇ ਜੰਗ ਦੇ ਦੌਰਾਨ ਬਹੁਤ ਹੀ ਘਿਨੌਣੇ ਜੁਰਮ ਕਰਵਾਏ ਹਨ।

ਜਿਹੜੇ ਵੀ ਵਾਅਦੇ ਇਲੈਕਸ਼ਨ ਦੌਰਾਨ ਉਬਾਮਾ ਕਰ ਬੈਠਾ ਸੀ ਉਨ੍ਹਾਂ ਦੇ ਉਲਟ ਹੀ ਉਹ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ ਅਤੇ ਇਸ ਲਈ ਉਹ ਆਪਣੇ ਜੁੰਡੀਦਾਰਾਂ ਨੂੰ ਇਕੱਠਾ ਕਰ ਰਿਹਾ ਹੈ। ਅਮਰੀਕਨ ਚੋਣਾਂ ਦੇ ਬਾਅਦ ਲੋਕ ਅਤੇ ਵੋਟਰ ਕੁਝ ਵੀ ਨਹੀਂ ਕਰ ਸਕਦੇ। ਉਬਾਮਾ ਲੋਕਾਂ ਦੀ ਮਰਜ਼ੀ ਅਤੇ ਰਾਏ ਦੇ ਖ਼ਿਲਾਫ਼ ਸਾਮਰਾਜ ਦੀ ਰਾਖੀ ਲਈ ਹਰੇਕ ਕਾਰਵਾਈ ਕਰੇਗਾ ਪਰ ਲੋਕ ਉਸਦਾ ਕੁਝ ਵੀ ਨਹੀਂ ਵਿਗਾੜ ਸਕਦੇ। ਉਨ੍ਹਾਂ ਕੋਲ ਕੋਈ ਤਾਕਤ ਨਹੀਂ ਕਿ ਉਸਨੂੰ ਨਕੇਲ ਪਾ ਸਕਣ। ਚੋਣਾਂ ਰਾਹੀਂ ਉਹ ਆਪਣੀ ਤਾਕਤ ਗੁਆ ਬੈਠੇ ਹਨ। ਇਹ ਲਿਬਰਲ ਡੈਮੋਕ੍ਰੇਸੀ ਦਾ ਖ਼ਾਸਾ ਹੈ ਕਿ ਲੋਕਾਂ ਤੋਂ ਚੋਣਾਂ ਰਾਹੀਂ ਉਨ੍ਹਾਂ ਦੀ ਤਾਕਤ ਖੋਹ ਲਈ ਜਾਂਦੀ ਹੈ ਅਤੇ ਹਾਕਮ ਟੋਲੇ ਦੇ ਨੁਮਾਇੰਦਿਆਂ ਦੇ ਹੱਥ ਦੇ ਦਿੱਤੀ ਜਾਂਦੀ ਹੈ। ਚੋਣਾਂ ਬਾਦ ਉਹ ਮਨਮਰਜ਼ੀ ਕਰਦੇ ਹਨ, ਚੋਣਾਂ ਵਿਚ ਕੀਤੇ ਹੋਏ ਵਾਅਦਿਆਂ ਦੇ ਉਲਟ ਕੰਮ ਕਰਦੇ ਹਨ ਪਰ ਲੋਕ ਉਨ੍ਹਾਂ ਦਾ ਕੁਝ ਵੀ ਨਹੀਂ ਵਿਗਾੜ ਸਕਦੇ।

ਉਬਾਮਾ ਲਿਬਰਲ ਡੈਮੋਕ੍ਰੇਸੀ ਦੇ ਇਸ ਖ਼ਾਸੇ ਵਿਚ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਹ ਸਾਮਰਾਜ ਨੂੰ ਬਹੁਤ ਹੀ ਰਾਸ ਹੈ ਅਤੇ ਸਾਮਰਾਜ ਦੀਆਂ ਲੋੜਾਂ ਲਈ ਇਕ ਵਧੀਆ ਸਿਆਸੀ ਬੰਦੋਬਸਤ ਹੈ। ਉਬਾਮਾ ਨੇ ਵੀ ਬੁਸ਼ ਦੀ ਰਾਹ ਹੀ ਅਪਣਾਈ ਹੈ ਅਤੇ ਅੱਗੇ ਅੱਗੇ ਅਪਣਾਉਣੀ ਹੈ। ਜਾਰਜ ਬੁਸ਼ ਨੇ ਵੀ ਪਹਿਲੀ ਵਾਰੀ ਸਨ 2000 ਵਿਚ ਚੋਣਾਂ ਦੌਰਾਨ ਦੂਸਰੇ ਮੁਲਕਾਂ ਵਿਚ ਅਮਰੀਕਨ ਫੌਜ ਭੇਜਣ ਦੇ ਖ਼ਿਲਾਫ਼ ਬਹੁਤ ਤਕਰੀਰਾਂ ਕੀਤੀਆਂ ਸਨ। ਪਰ ਤਾਕਤ ਵਿਚ ਆ ਕੇ ਉਸ ਤੋਂ ਬਿਲਕੁਲ ਹੀ ਉਲਟ ਕੀਤਾ ਸੀ। ਉਬਾਮਾ ਵੀ ਉਨ੍ਹਾਂ ਹੀ ਲੀਹਾਂ ਤੇ ਚੱਲ ਰਿਹਾ ਹੈ ਅਤੇ ਚੱਲੇਗਾ। ਇਸ ਲਈ ਉਹ ਬੁਸ਼ ਦੀ ਛਿੱਤਰ ਪਰੇਡ ਤੋਂ ਕੁਝ ਨਹੀਂ ਸਿੱਖੇਗਾ। ਬੁਸ਼ ਵਾਂਗ ਉਸਨੂੰ ਵੀ ਕੋਈ ਸੰਗ ਨਹੀਂ ਤੇ ਲੋਕਾਂ ਦੇ ਜਜ਼ਬਾਤ ਦੀ ਕਦਰ ਨਹੀਂ। ਉਹ ਤਾਂ ਬੁਸ਼ ਵਾਂਗ ਹੀ ਅਮਰੀਕਨ ਸਾਮਰਾਜ ਲਈ ਦੁਨੀਆ ਦੇ ਸਾਧਨ, ਮੰਡੀਆਂ ਅਤੇ ਦੌਲਤ ਕੰਟਰੋਲ ਕਰਨ ਦੀ ਫਿਕਰ ਵਿਚ ਹੈ। ਚੋਣਾਂ ਦੀ ਮੁਹਿੰਮ ਦੌਰਾਨ ਉਸਨੇ ਆਪਣੀ ਬਰਲਿਨ ਦੀ ਤਕਰੀਰ ਵਿਚ ਇਸ ਗੱਲ ਦਾ ਇੰਕਸ਼ਾਫ ਕੀਤਾ ਸੀ। ਉਸਨੇ ਕਿਹਾ

ਸੀ ਕਿ ਦੁਨੀਆ ਦੇ ਲੋਕਾਂ ਨੂੰ ਅਮਰੀਕਾ ਦੀ ਛਤਰ-ਛਾਇਆ ਹੇਠ ਇਕੱਠੇ ਹੋਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਆਪਣੀ ਸੋਚ ਅਤੇ ਸੇਧ ਛੱਡਣ ਦੀ ਲੋੜ ਹੈ। ਸਾਮਰਾਜ ਸੰਗ ਅਤੇ ਸ਼ਰਮ ਨਹੀਂ ਕਰ ਸਕਦਾ। ਇਸੇ ਲਈ ਉਬਾਮਾ ਵੀ ਬੁਸ਼ ਵਾਂਗ ਹੀ ਬੇਸ਼ਰਮੀ ਅਤੇ ਬੇਰਹਿਮੀ ਨਾਲ ਸਾਮਰਾਜ ਦੀ ਸੇਵਾ ਕਰੇਗਾ। ਵਿਅਤਨਾਮ ਦੀ ਹਾਰ ਬਾਦ ਲੋਕ ਸੋਚਦੇ ਸੀ ਕਿ ਸ਼ਾਇਦ ਅਮਰੀਕਨ ਸਾਮਰਾਜ ਨੇ ਕੋਈ ਸਬਕ ਸਿੱਖ ਲਿਆ ਹੋਵੇ ਪਰ ਉਨ੍ਹਾਂ ਦੀ ਇਸ ਸੋਚ ਤੇ ਪਾਣੀ ਹੀ ਫਿਰਿਆ ਸੀ। ਇਸੇ ਤਰਾਂ ਬੁਸ਼ ਦੇ ਛਿੱਤਰਾਂ ਤੋਂ ਉਬਾਮਾ ਨੇ ਵੀ ਕੋਈ ਸਬਕ ਨਹੀਂ ਸਿੱਖਣਾ।